ਦਫਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

**ਪੱਤਰ ਨੰ:ਚੋਣਾਂ-2024/** 1698

**ਮਿਤੀ:** 16-8-24

ਵੱਲ,

1. ਜਿਲ੍ਹਾ ਸਿੱਖਿਆ ਅਫਸਰ, (ਸਕੈਂ.), ਬਠਿੰਡਾ, ਸ੍ਰੀ ਮੁਕਤਸਰ ਸਾਹਿਬ,ਬਰਨਾਲਾ, ਫਰੀਦਕੋਟ
2. ਜਿਲ੍ਹਾ ਸਿੱਖਿਆ ਅਫਸਰ, (ਐਲੀ.), ਬਠਿੰਡਾ
3. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਬਠਿੰਡਾ/ਰਾਮਪੁਰਾ/ਫੂਲ/ਨਥਾਣਾ/ਗੋਨਿਆਣਾ
4. ਮੁੱਖ ਖੇਤੀਬਾੜੀ ਅਫਸਰ, ਬਠਿੰਡਾ
5. ਭੂਮੀ ਰੱਖਿਆ ਅਫਸਰ, ਬਠਿੰਡਾ
6. ਸੀਨੀਅਰ ਮੈਡੀਕਲ ਅਫਸਰ, ਨਥਾਣਾ/ਗੋਨਿਆਣਾ
7. ਸਿਵਲ ਸਰਜਨ, ਬਠਿੰਡਾ
8. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਭੁੱਚੋ ਮੰਡੀ/ ਗੋਨਿਆਣਾ/ਰਾਮਪੁਰਾ
9. ਕਾਰਜ ਸਾਧਕ ਅਫ਼ਸਰ, ਨਗਰ ਪੰਚਾਇਤ, ਨਥਾਣਾ/ਲਹਿਰਾ ਮੁਹੱਬਤ
10. ਸਕੱਤਰ ਮਾਰਕਿਟ ਕਮੇਟੀ, ਬਠਿੰਡਾ/ਗੋਨਿਆਣਾ/ਭੁੱਚੋ/ਨਥਾਣਾ
11. ਸਰਕਾਰੀ ਆਈ.ਟੀ.ਆਈ.(ਵੂਮੈਨ),ਬਠਿੰਡਾ
12. ਜਿਲ੍ਹਾ ਮੰਡੀ ਅਫਸਰ, ਬਠਿੰਡਾ
13. ਜਿਲ੍ਹਾ ਖੁਰਾਕ ਸਪਲਾਈ ਅਤੇ ਕੰਟਰੋਲਰ, ਬਠਿੰਡਾ
14. ਕਾਰਜਕਾਰੀ ਇੰਜਨੀਅਰ, ਜਸਸ, ਮੰਡਲ ਨੰ: 1/2, ਬਠਿੰਡਾ
15. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਆਰ.ਐਮ.ਡੀ.ਸੀ, ਡਵੀਜ਼ਨ ਨੰ: 7, ਬਠਿੰਡਾ
16. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਪ੍ਰੋਵਿੰਸ਼ੀਅਲ ਡਵੀਜ਼ਨ, ਬਠਿੰਡਾ
17. ਕਾਰਜਕਾਰੀ ਇੰਜਨੀਅਰ, ਕੈਨਾਲ ਲਾਈਨਿੰਗ ਸਰਕਲ, ਮੰਡਲ ਨੰ: 2, ਬਠਿੰਡਾ
18. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਡਵੀਜ਼ਨ ਨੰ: 2, ਬਠਿੰਡਾ
19. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਸੈਂਟਰਲ ਵਰਕਸ, ਬਠਿੰਡਾ
20. ਪ੍ਰਿੰਸੀਪਲ,ਸਰਕਾਰੀ ਬਹੁਤਕਨੀਕੀ ਕਾਲਜ, ਬਠਿੰਡਾ

1873
19/8/24

ਵਿਸ਼ਾ:- **Door to Door survey by BLOs during SSR-2025-Regarding.**

ਹਵਾਲਾ:- **ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਦੇ ਦਫ਼ਤਰ ਦਾ ਪੱਤਰ ਨੰ: ਚੋਣ-2024/5814-19 ਮਿਤੀ: 14-08-2024**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਜੀ ਵੱਲੋ ਯੋਗਤਾ ਮਿਤੀ: 01-01-2025 ਦੇ ਆਧਾਰ ਤੇ Pre Revision Activities ਦਾ Schedule (ਨੱਥੀ) ਪ੍ਰਾਪਤ ਹੋਇਆ ਹੈ।ਜਿਸ ਅਨੁਸਾਰ ਬੀ.ਐਲ.ਓ ਵੱਲੋ ਮਿਤੀ: 20-08-2024 ਤੋਂ ਮਿਤੀ: 20-09-2024 ਤੱਕ ਘਰ-ਘਰ ਜਾ ਕੇ ਸਰਵੇ ਕੀਤਾ ਜਾਣਾ ਹੈ ਅਤੇ ਫਾਰਮ ਨੰ: 6,6ਏ,6ਬੀ,7 ਅਤੇ 8 ਭਰੇ ਜਾਣੇ ਹਨ।ਉਕਤ ਅਨੁਸਾਰ ਬੀ.ਐਲ.ਓ ਵੱਲੋ ਘਰ-ਘਰ ਜਾ ਕੇ ਕੀਤੇ ਜਾਣ ਵਾਲੇ ਸਰਵੇ ਦੇ ਕੰਮ ਨੂੰ ਮੁੱਖ ਰੱਖਦਿਆਂ ਸਮੂਹ ਦਫ਼ਤਰੀ ਸਟਾਫ/ਸਕੂਲ ਦੇ ਨਾਨ ਟੀਚਿੰਗ/ਟੀਚਿੰਗ ਸਟਾਫ ਜਿਨ੍ਹਾਂ ਦੀ ਡਿਊਟੀ 091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਅਧੀਨ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਉਨ੍ਹਾਂ ਨੂੰ ਸ਼ਡਿਊਲ ਅਨੁਸਾਰ ਦਿਨ ਬੁੱਧਵਾਰ ਅਤੇ ਸ਼ੁੱਕਰਵਾਰ ਨੂੰ (ਮਿਤੀ:20-08-2024 ਤੋਂ ਮਿਤੀ:20-09-2024 ਤੱਕ) ਚੋਣ ਡਿਊਟੀ ਲਈ ਦਫ਼ਤਰੀ/ਸਕੂਲ ਦੀ ਡਿਊਟੀ ਤੋਂ ਫਾਰਗ ਕੀਤਾ ਜਾਵੇ।ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਤਾਂ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐਲ.ਓ ਲੱਗਿਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫ਼ਸਰ (ਸਕੈ/ਐਲੀ.) ਸਬੰਧਤ ਬੀ.ਪੀ.ਈ.ਓਜ਼ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜਿਮੇਵਾਰ ਹੋਣਗੇ ਤਾਂ ਜੋ ਡੋਰ ਟੂ ਡੋਰ ਸਰਵੇ ਦੇ ਕੰਮ ਮਿੱਥੇ ਸਮੇਂ ਵਿੱਚ ਮੁਕੰਮਲ ਕੀਤਾ ਜਾ ਸਕੇ। ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

P. Singla

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।
ਮਿਤੀ:

ਪਿੱਠ ਅੰਕਣ ਨੰ:

ਉਪਰੋਕਤ ਦਾ ਉਤਾਰਾ:-

1) ਜਿਲ੍ਹਾ ਚੋਣ ਅਫਸਰ, ਬਠਿੰਡਾ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।
2) ਸਮੂਹ ਸੁਪਰਵਾਈਜ਼ਰ, 091-ਭੁੱਚੋ ਮੰਡੀ (ਅ.ਜ), ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਸਮੂਹ ਬੀ.ਐਲ.ਓ ਵੱਲੋਂ ਉਕਤ ਸਰਵੇ ਨਿਰਧਾਰਿਤ ਕੀਤੇ ਗਏ ਸਮੇਂ ਦੇ ਅੰਦਰ-ਅੰਦਰ ਮਾਨਯੋਗ ਪੰਜਾਬ ਚੋਣ ਕਮਿਸ਼ਨ ਜੀ ਦੇ ਦਫ਼ਤਰ ਦੇ ਪੱਤਰ ਨੰ:Elec-2024/P-7952 ਮਿਤੀ: 14-08-2024 (ਕਾਪੀ ਨੱਥੀ) ਵੱਲੋ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕਰਵਾਉਣਾ ਯਕੀਨੀ ਬਣਾਇਆ ਜਾਵੇ।ਜੇਕਰ ਉਕਤ ਸਰਵੇ ਸਬੰਧੀ ਕੰਮ ਕਰਨ ਵਿੱਚ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਨਿਮਨਹਸਤਾਖਰ ਨੂੰ ਲਿਖਤੀ ਤੌਰ ਤੇ ਜਾਣੂ ਕਰਵਾਇਆ ਜਾਵੇ।
3) ਸਮੂਹ ਬੀ.ਐਲ.ਓ, 091-ਭੁੱਚੋ ਮੰਡੀ (ਅ.ਜ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ: 01-01-2025 ਦੇ ਆਧਾਰ ਤੇ Pre Revision Activities ਦੇ ਸਬਧ ਵਿੱਚ ਮਾਨਯੋਗ ਪੰਜਾਬ ਚੋਣ ਕਮਿਸ਼ਨ ਜੀ ਦੇ ਦਫ਼ਤਰ ਦੇ ਪੱਤਰ ਨੰ:Elec-2024/P-7952 ਮਿਤੀ: 14-08-2024 (ਕਾਪੀ ਨੱਥੀ) ਵੱਲੋ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਮਿਤੀ: 20-08-2024 ਤੋਂ ਮਿਤੀ: 20-09-2024 ਤੱਕ ਘਰ-ਘਰ ਜਾ ਕੇ ਸਰਵੇ ਦਾ ਕੰਮ ਮੁਕੰਮਲ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2024/ 6074 ਮਿਤੀ: 19/08/24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।